# ਕਰਮਚਾਰੀਆਂ ਦੇ ਅਧਿਕਾਰਾਂ ਦਾ ਬਿੱਲ

NYC®

Consumer Affairs

Bill de Blasio
Mayor

Lorelei Salas
Commissioner

ਪੰਜਾਬੀ ਦੇ | Punjabi

**NYC ਵਿੱਚ ਕਰਮਚਾਰੀਆਂ ਨੂੰ ਅਧਿਕਾਰ ਪ੍ਰਾਪਤ ਹਨ ਭਾਵੇਂ ਉਨ੍ਹਾਂ ਦੀ ਆਵਾਸ ਸਥਿਤੀ ਕੋਈ ਵੀ ਕਿਉਂ ਨਾ ਹੋਵੇ।**

# ਗਾਹਕ ਮਾਮਲਿਆਂ ਸਬੰਧੀ ਵਿਭਾਗ (Department of Consumer Affairs, DCA) ਦੇ ਅੰਦਰ ਲੇਬਰ ਨੀਤੀ ਅਤੇ ਮਿਆਰਾਂ ਦਾ ਦਫਤਰ (Office of Labor Policy & Standards, OLPS) ਕਰਮਚਾਰੀਆਂ ਲਈ NYC ਦਾ ਕੇਂਦਰੀ ਵਸੀਲਾ ਹੈ।

DCA ਨਾਲ ਸੰਪਰਕ ਕਰਨ ਲਈ:

- 311 (NYC ਤੋਂ ਬਾਹਰ 212-NEW-YORK) 'ਤੇ ਕਾਲ ਕਰੋ
- OLPS@dca.nyc.gov 'ਤੇ ਈਮੇਲ ਭੇਜੋ।
- nyc.gov/dca 'ਤੇ ਜਾਓ।


# ਵਿਸ਼ਾ ਸੂਚੀ

## ਤੁਹਾਡੇ ਅਧਿਕਾਰ


ਸੁਰੱਖਿਆ ਅਤੇ ਬਿਮਾਰੀ ਵਾਸਤੇ ਭੁਗਤਾਨਯੋਗ ਛੁੱਟੀ . . . . . . . . . . . . . . . . . . 2
ਇੱਕਠੇ ਹੋਣ ਦਾ ਅਧਿਕਾਰ . . . . . . . . . . . . . . . . . . . . . . . . . 3
ਘੱਟੋ-ਘੱਟ ਤਨਖ਼ਾਹ . . . . . . . . . . . . . . . . . . . . . . . . . . . . 4
ਓਵਰਟਾਈਮ . . . . . . . . . . . . . . . . . . . . . . . . . . . . . . . 5
ਵਿਤਕਰੇ ਤੋਂ ਮੁਕਤ ਕੰਮ ਦੀ ਥਾਂ . . . . . . . . . . . . . . . . . . . . . . . 6
ਸੁਤੰਤਰ ਠੇਕੇਦਾਰ ਦੇ ਤੌਰ ਤੇ ਕੀਤੇ ਗਏ ਕੰਮ ਲਈ ਤਨਖ਼ਾਹ . . . . . . . . . . . . 7
ਸੁਰੱਖਿਅਤ ਅਤੇ ਸਿਹਤਮੰਦ ਕੰਮ ਦੀ ਥਾਂ . . . . . . . . . . . . . . . . . . . . 8


## ਉਦਯੋਗ ਅਤੇ ਕਰਮਚਾਰੀ-ਵਿਸ਼ਿਸ਼ਟ ਸੁਰੱਖਿਆਵਾਂ


ਕਪੜਾ ਉਦਯੋਗ . . . . . . . . . . . . . . . . . . . . . . . . . . . . . 9
ਬਿਲਡਿੰਗ ਸਰਵਿਸ ਕਰਮਚਾਰੀ . . . . . . . . . . . . . . . . . . . . . . . 9
ਨਿਰਮਾਣ ਕੰਮ ਤੇ ਲੱਗੇ ਹੋਏ ਕਰਮਚਾਰੀ . . . . . . . . . . . . . . . . . . . 10
ਘਰੇਲੂ ਕਰਮਚਾਰੀ . . . . . . . . . . . . . . . . . . . . . . . . . . . 10
ਫਾਸਟ ਫੂਡ ਕਰਮਚਾਰੀ . . . . . . . . . . . . . . . . . . . . . . . . . 11
ਸਰਕਾਰੀ ਇਕਰਾਰਨਾਮਾ ਕੰਮ . . . . . . . . . . . . . . . . . . . . . . . 11
ਗ੍ਰੋਸਰੀ ਕਰਮਚਾਰੀ . . . . . . . . . . . . . . . . . . . . . . . . . . . 12
ਨਾਬਾਲਗ . . . . . . . . . . . . . . . . . . . . . . . . . . . . . . . 12
ਨੇਲ ਸੈਲੂਨ ਕਰਮਚਾਰੀ . . . . . . . . . . . . . . . . . . . . . . . . . 12
ਟਿੱਪ ਪਾਪਤ ਕਰਨ ਵਾਲੇ ਕਰਮਚਾਰੀ . . . . . . . . . . . . . . . . . . . . 13



# ਸੁਰੱਖਿਆ ਅਤੇ ਬਿਮਾਰੀ ਵਾਸਤੇ ਭੁਗਤਾਨਯੋਗ ਛੁੱਟੀ

ਜੇ ਤੁਸੀਂ NYC ਵਿੱਚ ਇੱਕ ਸਾਲ ਵਿੱਚ 80 ਘੰਟਿਆਂ ਤੋਂ ਵੱਧ ਘੰਟਿਆਂ ਲਈ ਕੰਮ ਕਰਦੇ ਹੋ, ਤਾਂ ਤੁਸੀਂ ਆਪਣੇ ਲਈ ਜਾਂ ਜਿਸ ਕਿਸੇ ਨੂੰ ਵੀ ਤੁਸੀਂ ਆਪਣਾ ਪਰਿਵਾਰ ਸਮਝਦੇ ਹੋ ਉਸਦੀ ਮਦਦ ਕਰਨ ਲਈ ਹਰ ਸਾਲ 40 ਘੰਟੇ ਤੱਕ ਦੀ ਸੁਰੱਖਿਆ ਅਤੇ ਬਿਮਾਰੀ ਵਾਸਤੇ ਭੁਗਤਾਨਯੋਗ ਛੁੱਟੀ ਕਮਾ ਸਕਦੇ ਹੋ।

ਬਿਮਾਰੀ ਦੀ ਛੁੱਟੀ ਨੂੰ ਦੇਖਭਾਲ ਅਤੇ ਇਲਾਜ ਵਾਸਤੇ ਵਰਤੋ।

ਸੁਰੱਖਿਆ ਛੁੱਟੀ ਨੂੰ ਘਰੇਲੂ ਹਿੰਸਾ ਦੇ ਕਿਸੇ ਵੀ ਵਰਤਾਰੇ ਜਾਂ ਧਮਕੀ, ਬੇਲੋੜੇ ਜਿਨਸੀ ਸੰਪਰਕ, ਪਿੱਛਾ ਕੀਤੇ ਜਾਣ, ਜਾਂ ਮਨੁੱਖੀ ਤਸਕਰੀ ਦੇ ਸਬੰਧ ਵਿੱਚ ਮਦਦ ਲੈਣ ਲਈ ਜਾਂ ਸੁਰੱਖਿਆ ਦੇ ਹੋਰ ਉਪਾਅ ਕਰਨ ਲਈ ਵਰਤੋ।

ਜੇਕਰ ਤੁਹਾਡੇ ਰੋਜ਼ਗਾਰਦਾਤਾ ਕੋਲ ਪੰਜ ਜਾਂ ਇਸ ਤੋਂ ਵੱਧ ਕਰਮਚਾਰੀ ਹਨ, ਤਾਂ ਤੁਹਾਨੂੰ ਸੁਰੱਖਿਆ ਅਤੇ ਬਿਮਾਰੀ ਵਾਸਤੇ ਭੁਗਤਾਨਯੋਗ ਛੁੱਟੀ ਲੈਣ ਦਾ ਅਧਿਕਾਰ ਹੈ।

ਜੇਕਰ ਤੁਹਾਡੇ ਰੋਜ਼ਗਾਰਦਾਤਾ ਕੋਲ ਪੰਜ ਤੋਂ ਘੱਟ ਕਰਮਚਾਰੀ ਹਨ, ਤੁਹਾਨੂੰ ਸੁਰੱਖਿਆ ਅਤੇ ਬਿਮਾਰੀ ਵਾਸਤੇ ਗੈਰ-ਭੁਗਤਾਨ ਛੁੱਟੀ ਲੈਣ ਦਾ ਅਧਿਕਾਰ ਹੈ।

ਜੇ ਤੁਸੀਂ ਕੋਈ ਘਰੇਲੂ ਕਰਮਚਾਰੀ ਹੋ, ਤਾਂ ਪੰਨਾ 10 ਦੇਖੋ।

ਰੋਜ਼ਗਾਰਦਾਤਾ ਦੁਆਰਾ ਤੁਹਾਡੇ ਵੱਲੋਂ ਸੁਰੱਖਿਆ ਅਤੇ ਬਿਮਾਰੀ ਵਾਸਤੇ ਛੁੱਟੀ ਦੀ ਬੇਨਤੀ ਕਰਨ ਜਾਂ ਇਸਦੀ ਵਰਤੋਂ ਕਰਨ ਖਿਲਾਫ਼ ਬਦਲਾਲਊ ਕਾਰਵਾਈ ਕਰਨਾ ਗੈਰ-ਕਾਨੂੰਨੀ ਹੈ।

ਜਾਣਕਾਰੀ ਲਈ ਜਾਂ DCA ਕੋਲ ਸ਼ਿਕਾਇਤ ਦਾਇਰ ਕਰਨ ਲਈ:

- **311** (NYC ਤੋਂ ਬਾਹਰ 212-NEW-YORK) 'ਤੇ ਕਾਲ ਕਰੋ
- **nyc.gov/PaidSickLeave** 'ਤੇ ਜਾਓ।
- ਈਮੇਲ **PSSL@dca.nyc.gov**

*ਸੰਘੀ ਕਾਨੂੰਨ ਦੇ ਤਹਿਤ, ਤੁਹਾਡੇ ਕੋਲ ਕੰਮ ਤੋਂ ਬਿਨਾਂ ਤਨਖ਼ਾਹ ਦੇ ਵਾਧੂ ਛੁੱਟੀ ਲੈਣ ਦਾ ਅਧਿਕਾਰ ਹੋ ਸਕਦਾ ਹੈ:* ਕੁਝ ਕਰਮਚਾਰੀ ਜੋ 50 ਤੋਂ ਵੱਧ ਕਰਮਚਾਰੀਆਂ ਵਾਲੇ ਰੋਜ਼ਗਾਰਦਾਤਾ ਲਈ ਕੰਮ ਕਰਦੇ ਹਨ ਉਹ ਆਪਣੇ ਆਪ ਜਾਂ ਪਰਿਵਾਰ ਦੇ ਕਿਸੇ ਮੈਂਬਰ ਦੀ ਦੇਖਭਾਲ ਜਾਂ ਨਵੇਂ ਬੱਚੇ ਦੇ ਨਾਲ ਬਾਂਡ ਬਣਾਉਣ ਲਈ ਹਰ ਸਾਲ 12 ਹਫ਼ਤਿਆਂ ਤੱਕ ਬਿਨਾਂ ਤਨਖ਼ਾਹ ਵਾਲੀ ਛੁੱਟੀ ਲੈ ਸਕਦੇ ਹੋ। ਸਾਰੀ ਛੁੱਟੀ ਇੱਕ ਸਮੇਂ ਤੇ ਜਾਂ ਵੱਖ-ਵੱਖ ਸਮੇਂ ਤੇ ਲਈ ਜਾ ਸਕਦੀ ਹੈ।

*ਜਨਵਰੀ 2018 ਤੋਂ, ਨਿਊਯਾਰਕ ਦੇ ਜ਼ਿਆਦਾਤਰ ਕਾਮੇ ਇੱਕ ਨਵੇਂ ਬੱਚੇ ਨਾਲ ਬਾਂਡ ਬਣਾਉਣ ਲਈ, ਇੱਕ ਗੰਭੀਰ ਸਿਹਤ ਸਥਿਤੀ ਨਾਲ ਨਜ਼ਦੀਕੀ ਰਿਸ਼ਤੇਦਾਰ ਦੀ ਦੇਖਭਾਲ ਕਰਨ ਲਈ, ਜਾਂ ਫੌਜ਼ੀ ਪਰਿਵਾਰ ਦੀਆਂ ਲੋੜਾਂ ਨਾਲ ਨਿਪਟਣ ਲਈ ਭੁਗਤਾਨਯੋਗ ਛੁੱਟੀ ਲੈਣ ਦੇ ਯੋਗ ਹੋਣਗੇ।* ਛੁੱਟੀ ਅਤੇ ਤਨਖ਼ਾਹ ਦੀ ਰਾਸ਼ੀ ਚਾਰ ਸਾਲਾਂ ਵਿੱਚ ਲਾਗੂ ਹੋਵੇਗੀ, ਜੋ ਕੰਮ ਦੇ ਅੱਠਵੇਂ ਹਫ਼ਤੇ ਤੋਂ ਸ਼ੁਰੂ ਹੋ ਕੇ 2018 ਵਿੱਚ ਕਰਮਚਾਰੀਆਂ ਦੀ ਤਨਖ਼ਾਹ ਦਾ 50% ਅਦਾ ਕਰੇਗੀ।

ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**U.S. Department of Labor**
866-487-9243 | dol.gov/whd

**U.S. Department of Labor Division Office in NYC**
212-264-8185

**New York State Paid Family Leave**
844-337-6303 | ny.gov, "Paid Family Leave" ਦੀ ਤਲਾਸ਼ ਕਰੋ



## ਇੱਕਠੇ ਹੋਣ ਦਾ ਅਧਿਕਾਰ

ਤੁਸੀਂ ਆਪਣੇ ਸਹਿਕਰਮੀਆਂ ਨਾਲ ਮਿਲ ਕੇ ਕੰਮ ਦੇ ਮਸਲਿਆਂ ਬਾਰੇ ਕਿਸੇ ਤਰ੍ਹਾਂ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੇ ਹੋ ਜੋ ਤੁਹਾਡੇ ਲਈ ਮਹੱਤਵਪੂਰਣ ਹਨ, ਭਾਵੇਂ ਤੁਸੀਂ ਕਿਸੇ ਯੂਨੀਅਨ ਦੁਆਰਾ ਨੁਮਾਇੰਦਗੀ ਕਰਵਾਉਣਾ ਚਾਹੁੰਦੇ ਹੋ। ਰੋਜ਼ਗਾਰ ਹਾਲਾਤ ਬਾਰੇ ਤੁਹਾਡੇ ਸਹਿਕਰਮੀਆਂ ਦੇ ਪ੍ਰਬੰਧਨ ਕਰਨ ਜਾਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਰੋਜ਼ਗਾਰਦਾਤਾ ਤੁਹਾਡੇ ਤੇ ਕੋਈ ਕਾਰਵਾਈ ਨਹੀਂ ਕਰ ਸਕਦਾ, ਵਿਤਕਰਾ ਨਹੀਂ ਕਰ ਸਕਦਾ ਜਾਂ ਤੁਹਾਡੇ ਵਿਰੁੱਧ ਕਾਰਵਾਈ ਨਹੀਂ ਕਰ ਸਕਦਾ ਹੈ।

ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**National Labor Relations Board**
866-667-NLRB | 866-667-6572 | NLRB.gov

ਅੱਗਲੇ ਪੰਨੇ ਤੇ ਜਾਰੀ ਹੈ >

**New York Regional Office (Manhattan/Bronx)**
26 Federal Plaza, Room 3614
New York, NY 10278
212-264-0300

**Brooklyn Regional Office**
**(Brooklyn/Queens/Staten Island)**
2 MetroTech Center
100 Myrtle Avenue, 5th Floor
Brooklyn, NY 11201
718-330-7713

## ਘੱਟੋ-ਘੱਟ ਤਨਖ਼ਾਹ



ਤੁਹਾਨੂੰ, ਤੁਹਾਡੀ ਤੈਅ ਸ਼ਿਫਟ ਤੋਂ ਪਹਿਲਾਂ ਅਤੇ/ਜਾਂ ਬਾਅਦ ਵਿੱਚ ਕੀਤੇ ਗਏ ਕੰਮ ਅਤੇ ਤੁਹਾਡੇ ਦੁਆਰਾ ਯਾਤਰਾ ਤੇ ਲਗਾਏ ਗਏ ਸਮੇਂ ਸਮੇਤ ਕੰਮ ਦੇ ਹਰੇਕ ਘੰਟੇ ਲਈ ਭੁਗਤਾਨ ਕੀਤਾ ਜਾਣਾ ਜ਼ਰੂਰੀ ਹੈ।

31 ਦਸੰਬਰ 2017 ਤੋਂ, ਇਹ ਨਿਊਨਤਮ ਤਨਖਾਵਾਂ ਲਾਗੂ ਹੁੰਦੀਆਂ ਹਨ:

| **ਨਿਊ ਯਾਰਕ ਸਿਟੀ ਵਿੱਚ ਨਿਊਨਤਮ ਤਨਖਾਵਾਂ – ਦਰ ਸੂਚੀ** | **12/31/17** | **12/31/18** | **12/31/19** |
|---|---|---|---|
| **ਫਾਸਟ ਫੂਡ ਰੋਜ਼ਗਾਰਦਾਤਾ** | | | |
| ਕਿੰਨੇ ਵੀ ਕਰਮਚਾਰੀ ਹੋਣ | $13.50 | $15.00 | |
| **ਬਾਕੀ ਸਾਰੇ ਰੋਜ਼ਗਾਰਦਾਤਾ** | | | |
| 10 ਜਾਂ ਘੱਟ ਕਰਮਚਾਰੀ | $12.00 | $13.50 | $15.00 |
| 11 ਜਾਂ ਵੱਧ ਕਰਮਚਾਰੀ | $13.00 | $15.00 | |

*ਟਿੱਪ ਪ੍ਰਾਪਤ ਕਰਨ ਲਈ ਕਰਮਚਾਰੀਆਂ ਲਈ ਵਿਸ਼ੇਸ਼ ਦਰਾਂ ਹਨ।*

ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**New York State Department of Labor**
888-469-7365 | labor.ny.gov

**New York State Department of Labor – NYC District Office**
212-775-3880

**U.S. Department of Labor – Division Office in NYC**
212-264-8185

## ਓਵਰਟਾਈਮ

ਜੇਕਰ ਤੁਸੀਂ ਇੱਕ ਹਫਤੇ ਵਿੱਚ 40 ਤੋਂ ਵੱਧ ਘੰਟਿਆਂ ਲਈ ਕੰਮ ਕਰਦੇ ਹੋ, ਤਾਂ ਤੁਹਾਡੇ ਰੋਜ਼ਗਾਰਦਾਤਾ ਨੂੰ ਤੁਹਾਨੂੰ ਓਵਰਟਾਈਮ ਲਈ ਤੁਹਾਡੀ ਨੇਮੀ ਭੁਗਤਾਨ ਦਰ ਤੋਂ ਘੱਟੋ-ਘੱਟ 1.5 ਗੁਣਾ ਵੱਧ ਦਾ ਭੁਗਤਾਨ ਕਰਨਾ ਜ਼ਰੂਰੀ ਹੈ।


ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**New York State Department of Labor**
888-469-7365 | labor.ny.gov

**New York State Department of Labor – NYC District Office**
212-775-3880

**U.S. Department of Labor**
866-487-9243 | dol.gov/whd

**U.S. Department of Labor – Division Office in NYC**
212-264-8185



## ਵਿਤਕਰੇ ਤੋਂ ਮੁਕਤ ਕੰਮ ਦੀ ਥਾਂ

ਸ਼ਹਿਰ, ਰਾਜ ਜਾਂ ਸਘੀ ਸਰਕਾਰ ਦੇ ਕਾਨੂੰਨ ਕਿਸੇ ਕਰਮਚਾਰੀ ਨਾਲ ਇਨ੍ਹਾਂ ਦੇ ਅਧਾਰ 'ਤੇ ਵਿਤਕਰਾ ਕਰਨ ਤੋਂ ਮਨਾਹੀ ਕਰਦੇ ਹਨ:

- ਉਮਰ
- ਵਿਦੇਸ਼ੀ ਜਾਂ ਸਿਟੀਜ਼ਨਸ਼ਿਪ ਸਥਿਤੀ
- ਰੰਗ
- ਅਪਾਹਜਤਾ ਜਾਂ ਗਿਆਤ ਅਪਾਹਜਤਾ
- ਸੈਕਸ, ਲਿੰਗ, ਜਾਂ ਲਿੰਗ ਪਛਾਣ (ਜਿਨਸੀ ਵਿਤਕਰਾ ਵੀ ਸ਼ਾਮਲ ਹੈ)
- ਵਿਆਹੁਤਾ ਜਾਂ ਭਾਈਵਾਲੀ ਸਥਿਤੀ
- ਰਾਸ਼ਟਰੀ ਮੂਲ
- ਗਰਭਾਵਸਥਾ
- ਜਾਤੀ
- ਧਰਮ/ਦੀਨ
- ਜਿਨਸੀ ਸਥਿਤੀ
- ਗਿਰਫ਼ਤਾਈ ਜਾਂ ਸਜ਼ਾ ਦਾ ਰਿਕਾਰਡ
- ਦੇਖਭਾਲਕਰਤਾ ਦੀ ਸਥਿਤੀ
- ਉਪਭੋਗਤਾ ਕ੍ਰੈਡਿਟ ਇਤਿਹਾਸ
- ਬੇਰੋਜ਼ਗਾਰੀ ਦੀ ਸਥਿਤੀ
- ਘਰੇਲੂ ਹਿੰਸਾ ਦੇ ਸ਼ਿਕਾਰ ਦੇ ਤੌਰ ਤੇ ਸਥਿਤੀ, ਪਿੱਛਾ ਕਰਨਾ, ਅਤੇ ਸੈਕਸ ਸਬੰਧੀ ਗੁਨਾਹ
- ਵਿਤਕਰੇ ਸਬੰਧੀ ਪ੍ਰੈਕਟਿਸਾਂ ਦਾ ਵਿਰੋਧ ਕਰਨ ਲਈ ਬਦਲਾ
- ਜੈਨੇਟਿਕਸ
- ਪਰਿਵਾਰਕ ਸਥਿਤੀ
- ਮਿਲਟਰੀ ਸਥਿਤੀ

ਇਹ ਕਾਨੂੰਨ ਕਿਸੇ ਫੈਸਲਿਆਂ ਵਿਚਲੇ ਅਜਿਹੇ ਵਿਤਕਰੇ 'ਤੇ ਰੋਕ ਲਗਾਉਂਦਾ ਹੈ ਜੋ ਰੋਜ਼ਗਾਰ ਦੇ ਨਿਯਮਾਂ ਅਤੇ ਸ਼ਰਤਾਂ ਨੂੰ ਪ੍ਰਭਾਵਿਤ ਕਰਦਾ ਹੋਵੇ।

ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**NYC Commission on Human Rights**
311 ਜਾਂ 718-722-3131 'ਤੇ ਕਾਲ ਕਰੋ | nyc.gov/humanrights

**U.S. Equal Employment Opportunity Commission**
800-669-4000 | eeoc.gov

**New York State Division of Human Rights**
888-392-3644 | dhr.ny.gov

# ਸੁਤੰਤਰ ਠੇਕੇਦਾਰ ਦੇ ਤੌਰ ਤੇ ਕੀਤੇ ਗਏ ਕੰਮ ਲਈ ਤਨਖ਼ਾਹ



ਜੇ ਤੁਸੀਂ NYC ਵਿੱਚ ਫ੍ਰੀਲਾਂਸ ਕਰਮਚਾਰੀ ਹੋ, ਤਾਂ ਤੁਹਾਨੂੰ ਕਾਨੂੰਨੀ ਅਧਿਕਾਰ ਪ੍ਰਾਪਤ ਹਨ, ਜਿੰਨਾਂ ਵਿੱਚ ਸ਼ਾਮਲ ਹਨ:

- **ਲਿਖਤ ਇਕਰਾਰਨਾਮਾ**
  $800 ਜਾਂ ਉਸ ਤੋਂ ਵੱਧ ਦੇ ਸਾਰੇ ਇਕਰਾਰਨਾਮੇ ਲਿਖਤ ਵਿੱਚ ਹੋਣੇ ਜ਼ਰੂਰੀ ਹਨ। ਇਸ ਵਿੱਚ ਉਹ ਸਾਰੇ ਇਕਰਾਰਨਾਮੇ ਸ਼ਾਮਲ ਹਨ ਜੋ ਤੁਹਾਡੇ ਅਤੇ ਭਰਤੀ ਕਰਨ ਵਾਲੀ ਪਾਰਟੀ ਦੇ ਦਰਮਿਆਨ ਹੋਏ ਹਨ ਜਿਸਦਾ ਕੁੱਲ ਕਿਸੀ 120 ਦਿਨਾਂ ਦੀ ਮਿਆਦ ਵਿੱਚ $800 ਹੈ। ਲਿਖਤੀ ਇਕਰਾਰਨਾਮੇ ਵਿੱਚ ਤੁਹਾਡੇ ਦੁਆਰਾ ਕੀਤੇ ਗਏ ਕੰਮ; ਕੰਮ ਲਈ ਤਨਖ਼ਾਹ; ਅਤੇ ਜਿਸ ਤਾਰੀਖ਼ ਨੂੰ ਤੁਸੀਂ ਭੁਗਤਾਨ ਕਰਦੇ ਹੋ, ਨੂੰ ਸਪੱਸ਼ਟ ਕੀਤਾ ਜਾਣਾ ਜ਼ਰੂਰੀ ਹੈ। ਤੁਹਾਨੂੰ ਅਤੇ ਭਰਤੀ ਕਰਨ ਵਾਲੇ ਪਾਰਟੀ ਨੂੰ ਲਿਖਤੀ ਇਕਰਾਰਨਾਮੇ ਦੀ ਇੱਕ ਕਾਪੀ ਆਪਣੇ ਕੋਲ ਰੱਖਣਾ ਜ਼ਰੂਰੀ ਹੈ।

- **ਸਮੇਂ ਸਿਰ ਭੁਗਤਾਨ**
  ਭਰਤੀ ਕਰਨ ਵਾਲੀ ਪਾਰਟੀ ਦਾ ਸਾਰੇ ਕੰਮ ਲਈ ਤੁਹਾਨੂੰ ਭੁਗਤਾਨ ਕਰਨਾ ਜ਼ਰੂਰੀ ਹੈ। ਤੁਹਾਡਾ ਇਕਰਾਰਨਾਮੇ ਵਿੱਚ ਦਿੱਤੀ ਤਾਰੀਖ ਤੇ ਜਾਂ ਉਸ ਤੋਂ ਪਹਿਲਾਂ ਭੁਗਤਾਨ ਪ੍ਰਾਪਤ ਕੀਤਾ ਜਾਣਾ ਜ਼ਰੂਰੀ ਹੈ। ਜੇ ਇਕਰਾਰਨਾਮੇ ਵਿੱਚ ਭੁਗਤਾਨ ਦੀ ਤਾਰੀਖ ਸ਼ਾਮਲ ਨਹੀਂ ਹੁੰਦੀ ਹੈ, ਤਾਂ ਭਰਤੀ ਕਰਨ ਵਾਲੀ ਪਾਰਟੀ ਨੂੰ ਕੰਮ ਪੂਰਾ ਕਰਨ ਤੋਂ ਬਾਅਦ 30 ਦਿਨਾਂ ਦੇ ਅੰਦਰ ਤੁਹਾਨੂੰ ਭੁਗਤਾਨ ਕਰਨਾ ਪਵੇਗਾ।

- **ਮੁਕੱਦਮਾ ਕਰਨ ਦਾ ਹੱਕ**
  ਤੁਸੀਂ ਹਰਜਾਨੇ ਦੀ ਭਰਪਾਈ ਲਈ ਅਦਾਲਤ ਵਿੱਚ ਭਰਤੀ ਕਰਨ ਵਾਲੇ ਪਾਰਟੀ 'ਤੇ ਮੁਕੱਦਮਾ ਕਰ ਸਕਦੇ ਹੋ। ਜੇ ਤੁਹਾਨੂੰ ਆਪਣੇ ਕੰਮ ਲਈ ਸਮੇਂ ਸਿਰ ਅਦਾਇਗੀ ਨਹੀਂ ਕੀਤੀ ਗਈ ਹੈ, ਤਾਂ ਤੁਹਾਡੇ ਕੋਲ ਉਸ ਰਕਮ ਜੋ ਤੁਹਾਨੂੰ ਅਦਾ ਨਹੀਂ ਕੀਤੀ ਗਈ, ਉਸ ਦੀ ਦੁੱਗਣੀ ਰਕਮ ਲੈਣ ਦਾ, ਬਦਲੇ ਲਈ ਹਰਜਾਨਾ ਲੈਣ ਦਾ, ਅਤੇ ਅਟਾਰਨੀ ਦੀਆਂ ਫੀਸਾਂ ਅਤੇ ਖਰਚਿਆਂ ਦਾ ਭੁਗਤਾਨ ਲੈਣ ਦਾ ਹੱਕ ਹੈ।

ਜਾਣਕਾਰੀ ਲਈ ਜਾਂ DCA ਕੋਲ ਸ਼ਿਕਾਇਤ ਦਾਇਰ ਕਰਨ ਲਈ:

- **311** 'ਤੇ ਕਾਲ ਕਰੋ (NYC ਤੋਂ ਬਾਹਰ 212-NEW-YORK)।
- **Freelancer@dca.nyc.gov** 'ਤੇ ਈਮੇਲ ਲਿੱਖੋ
- **nyc.gov/dca** 'ਤੇ ਜਾਓ।

## ਸੁਰੱਖਿਅਤ ਅਤੇ ਸਿਹਤਮੰਦ ਕੰਮ ਦੀ ਥਾਂ



ਤੁਹਾਡੀ ਕੰਮ ਦੀ ਥਾਂ ਸਿਹਤ ਅਤੇ ਸੁਰੱਖਿਆ ਲਈ ਗਿਆਤ ਖਤਰਿਆਂ ਤੋਂ ਮੁਕਤ ਹੋਣੀ ਜ਼ਰੂਰੀ ਹੈ। ਤੁਹਾਡੇ ਕੋਲ ਕੰਮ ਦੇ ਖਤਰਿਆਂ ਬਾਰੇ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰਨ ਦਾ ਵੀ ਅਧਿਕਾਰ ਹੈ।

ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**Occupational Safety and Health Administration (OSHA)**
800-321-OSHA | 800-321-6742 | OSHA.gov

**Manhattan Area Office**
201 Varick Street, Room 908
New York, NY 10014
212-620-3200

**Queens District Office of the Manhattan Area Office**
45-17 Marathon Parkway
Little Neck, NY 11362
718-279-9060

ਜੇਕਰ ਕੰਮ ਕਰਨ ਵੇਲੇ ਤੁਹਾਨੂੰ ਕੋਈ ਸੱਟ ਲੱਗ ਜਾਂਦੀ ਹੈ ਤਾਂ ਤੁਸੀਂ ਆਪਣੀ ਤਨਖ਼ਾਹ ਅਤੇ ਮੈਡੀਕਲ ਇਲਾਜ ਦੇ ਕੁਝ ਹਿੱਸੇ ਨੂੰ ਕਵਰ ਕਰਨ ਲਈ ਮੁਆਵਜ਼ਾ ਲੈਣ ਦੇ ਯੋਗ ਹੁੰਦੇ ਹੋ, ਭਾਵੇਂ ਕਿਸੇ ਦਾ ਵੀ ਦੋਸ਼ ਕਿਉਂ ਨਾ ਹੋਵੇ।

ਕਰਮਚਾਰੀਆਂ ਦੇ ਮੁਆਵਜ਼ੇ ਬਾਰੇ ਜਾਣਕਾਰੀ ਲਈ ਜਾਂ ਕੋਈ ਦਾਅਵਾ ਦਾਇਰ ਕਰਨ ਲਈ, ਸੰਪਰਕ ਕਰੋ:

**New York State Workers' Compensation Board**
877-632-4996 | wcb.ny.gov

**Brooklyn District Office (Brooklyn, Staten Island)**
111 Livingston Street, 22nd Floor
Brooklyn, NY 11201

**Manhattan District Office (Bronx, Manhattan)**
215 West 125th Street
New York, NY 10027

**Queens District Office**
168-46 91st Street, 3rd Floor
Jamaica, NY 11432

## ਕਪੜਾ ਉਦਯੋਗ

ਕਪੜਾ ਉਦਯੋਗ ਦੇ ਕਰਮਚਾਰੀਆਂ ਨੂੰ ਘੱਟੋ-ਘੱਟ ਰਾਜ ਵਲੋਂ ਸਥਾਪਿਤ ਘੰਟੇਵਾਰ ਤਨਖ਼ਾਹ ਅਤੇ ਓਵਰਟਾਈਮ ਦਾ ਭੁਗਤਾਨ ਕਰਨਾ ਜ਼ਰੂਰੀ ਹੈ, ਭਾਵੇਂ ਕਿ ਉਹ ਪੀਸ ਦੇ ਹਿਸਾਬ ਨਾਲ ਕੰਮ ਕਰ ਰਹੇ ਹੋਣ। ਰੋਜ਼ਗਾਰਦਾਤਾ ਦਾ ਨਿਊਯਾਰਕ ਵਿੱਚ ਕੰਮ ਕਰਨ ਲਈ ਨਿਊਯਾਰਕ ਸਟੇਟ ਡਿਪਾਰਟਮੈਂਟ ਆਫ ਲੇਬਰ ਨਾਲ ਰਜਿਸਟਰ ਹੋਣਾ ਜ਼ਰੂਰੀ ਹੈ।

ਵਧੇਰੀ ਜਾਣਕਾਰੀ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਜਾਓ:

- **labor.ny.gov** ਅਤੇ “Apparel Industry Task Force” (ਨਿਊਯਾਰਕ ਸਟੇਟ) ਦੀ ਭਾਲ ਕਰੋ।
- **dol.gov** ਅਤੇ “Wage and Hour Division” (ਅਮਰੀਕਾ) ਦੀ ਭਾਲ ਕਰੋ।

## ਬਿਲਡਿੰਗ ਸਰਵਿਸ ਕਰਮਚਾਰੀ

ਜਿਸ ਕਿਸਮ ਦੀ ਇਮਾਰਤ ਵਿੱਚ ਤੁਸੀਂ ਕੰਮ ਕਰਦੇ ਹੋ ਉਸ 'ਤੇ ਨਿਰਭਰ ਕਰਦਿਆਂ, ਤੁਸੀਂ ਅਜਿਹੇ ਕਾਨੂੰਨ ਦੁਆਰਾ ਕਵਰਡ ਹੋ ਸਕਦੇ ਹੋ ਜਿਸ ਵਿੱਚ ਤੁਹਾਡੇ ਰੋਜ਼ਗਾਰਦਾਤਾ ਨੂੰ ਨਿਊਨਤਮ ਤਨਖ਼ਾਹ ਤੋਂ ਵੱਧ ਤਨਖ਼ਾਹ ਦੀ ਦਰ ਦਾ ਭੁਗਤਾਨ ਕਰਨ ਦੀ ਲੋੜ ਹੁੰਦੀ ਹੈ।

ਵਧੇਰੀ ਜਾਣਕਾਰੀ ਲਈ, **labor.ny.gov** 'ਤੇ ਜਾਓ ਅਤੇ “building service industry” ਦੀ ਭਾਲ ਕਰੋ।

NYC ਦੇ ਡਿਸਪਲੇਸਡ ਬਿਲਡਿੰਗ ਸਰਵਿਸ ਵਰਕਰਜ਼ ਐਕਟ ਦੀ ਮੰਗ ਹੈ ਕਿ ਕੁਝ ਨਵੇਂ ਬਿਲਡਿੰਗ ਮਾਲਕ, ਮੈਨੇਜਰ, ਠੇਕੇਦਾਰ, ਅਤੇ ਕਮਰਸ਼ੀਅਲ ਪੱਟਾ ਮਾਲਕ 90-ਦਿਨ ਦੇ ਬਦਲਾਅ ਦੀ ਅਵਧੀ ਲਈ ਪੂਰਵ-ਮੌਜੂਦਾ ਬਿਲਡਿੰਗ ਸੇਵਾ ਕਰਮਚਾਰੀਆਂ ਨੂੰ ਬਰਕਰਾਰ ਰੱਖਣ। ਬਦਲਾਅ ਦੀ ਅਵਧੀ ਦੀ ਸਮਾਪਤੀ ਤੇ, ਤੁਹਾਨੂੰ ਲਗਾਤਾਰ ਰੋਜ਼ਗਾਰ ਦੀ ਪੇਸ਼ਕਸ਼ ਕੀਤੀ ਜਾਣੀ ਜ਼ਰੂਰੀ ਹੈ ਜੇਕਰ ਨਵਾਂ ਰੋਜ਼ਗਾਰਦਾਤਾ ਤੁਹਾਡੇ ਪ੍ਰਦਰਸ਼ਨ ਨੂੰ ਸੰਤੋਸ਼ਜਨਕ ਮੰਨਦਾ ਹੈ।

ਅੱਗਲੇ ਪੰਨੇ ਤੇ ਜਾਰੀ ਹੈ >

ਜਾਣਕਾਰੀ ਲਈ DCA ਦੇ ਲੇਬਰ ਨੀਤੀ ਅਤੇ ਮਿਆਰਾਂ ਦੇ ਦਫਤਰ ਨਾਲ ਸੰਪਰਕ ਕਰੋ:

- **OLPS@dca.nyc.gov** 'ਤੇ ਈਮੇਲ ਭੇਜੋ।
- **nyc.gov/dca** 'ਤੇ ਜਾਓ।

## ਨਿਰਮਾਣ ਦੇ ਕੰਮ ਤੇ ਲੱਗੇ ਹੋਏ ਕਰਮਚਾਰੀ

ਜੇ ਤੁਸੀਂ ਨਿਊ ਯਾਰਕ ਵਿੱਚ ਨਿਰਮਾਣ ਦੇ ਕੰਮ ਤੇ ਲੱਗੇ ਹੋਏ ਕਰਮਚਾਰੀ ਹੋ, ਤਾਂ ਤੁਹਾਨੂੰ ਆਮ ਤੌਰ ਤੇ ਕੰਮ ਦੀ ਥਾਂ ਤੇ ਲਾਗੂ ਹੋਣ ਵਾਲੇ ਕਾਨੂੰਨਾਂ ਦੁਆਰਾ ਸੁਰੱਖਿਅਤ ਕਰਮਚਾਰੀ ਮੰਨਿਆ ਜਾਂਦਾ ਹੈ। ਜੇ ਤੁਸੀਂ ਇੱਕ ਅਜਿਹੇ ਨਿਰਮਾਣ ਦੇ ਕੰਮ ਤੇ ਲੱਗੇ ਹੋਏ ਕਰਮਚਾਰੀ ਹੋ ਜਿਸਨੂੰ ਇੱਕ ਸੁਤੰਤਰਕ ਠੇਕੇਦਾਰ ਦੀ ਤਰ੍ਹਾਂ ਮੰਨਿਆ ਜਾਂਦਾ ਹੈ ਤਾਂ ਤੁਸੀਂ ਕਾਨੂੰਨੀ ਸਲਾਹ ਪ੍ਰਾਪਤ ਕਰ ਸਕਦੇ ਹੋ।

ਵਧੇਰੀ ਜਾਣਕਾਰੀ ਲਈ, **labor.ny.gov** 'ਤੇ ਜਾਓ ਅਤੇ "construction workers" ਦੀ ਭਾਲ ਕਰੋ।

## ਘਰੇਲੂ ਕਰਮਚਾਰੀ

ਜੇ ਤੁਸੀਂ ਕੋਈ ਭੁਗਤਾਨਯੋਗ ਸੰਭਾਲ ਕਰਮਚਾਰੀ ਹੋ, ਜਿਵੇਂ ਕਿ ਨੈਨੀ, ਹਾਊਸ ਕਲੀਨਰ, ਜਾਂ ਘਰੇਲੂ ਸਿਹਤ ਸਹਾਇਕ, ਤਾਂ ਨਿਊ ਯਾਰਕ ਘਰੇਲੂ ਕਰਮਚਾਰੀਆਂ ਦਾ ਬਿੱਲ ਆਫ਼ ਰਾਈਟਸ (ਅਧਿਕਾਰਾਂ ਦਾ ਬਿੱਲ) ਤੁਹਾਨੂੰ ਓਵਰਟਾਈਮ ਤਨਖ਼ਾਹ, ਹਰ ਹਫ਼ਤੇ ਵਿੱਚ ਇੱਕ ਆਰਾਮ ਦਾ ਦਿਨ, ਹਰ ਸਾਲ ਆਰਾਮ ਲਈ ਤਿੰਨ ਭੁਗਤਾਨਯੋਗ ਦਿਨ, ਅਤੇ ਜਿਨਸੀ ਅਤੇ ਨਸਲੀ ਪਰੇਸ਼ਾਨੀ ਤੋਂ ਬਚਾਅ ਦੇ ਅਧਿਕਾਰ ਦਿੰਦਾ ਹੈ। ਸਿਟੀ ਦਾ ਸੁਰੱਖਿਆ ਅਤੇ ਬਿਮਾਰੀ ਵਾਸਤੇ ਭੁਗਤਾਨਯੋਗ ਛੁੱਟੀ ਸਬੰਧੀ ਕਨੂੰਨ (Paid Safe and Sick Leave Law) ਤੁਹਾਨੂੰ ਹਰ ਸਾਲ ਆਰਾਮ ਲਈ ਸਾਲਾਨਾ ਤਿੰਨ ਭੁਗਤਾਨਯੋਗ ਦਿਨਾਂ ਦੇ ਨਾਲ-ਨਾਲ ਬਿਮਾਰੀ ਅਤੇ ਸੁਰੱਖਿਆ ਛੁੱਟੀ ਦੇ ਮਕਸਦਾ ਵਾਸਤੇ ਛੁੱਟੀ ਪ੍ਰਦਾਨ ਕਰਦਾ ਹੈ।

ਅਧਿਕਾਰਾਂ ਅਤੇ ਵਸੀਲਿਆਂ ਲਈ DCA ਦੇ ਲੇਬਰ ਨੀਤੀ ਅਤੇ ਮਿਆਰਾਂ ਬਾਰੇ ਦਫਤਰ ਦੇ ਅੰਦਰ ਪੇਅਡ ਕੇਅਰ ਵਿਭਾਗ ਨਾਲ ਸੰਪਰਕ ਕਰੋ:

- **311** 'ਤੇ ਕਾਲ ਕਰੋ (NYC ਤੋਂ ਬਾਹਰ 212-NEW-YORK)
- **PaidCare@dca.nyc.gov** 'ਤੇ ਈਮੇਲ ਲਿੱਖੋ।
- **nyc.gov/dca** 'ਤੇ ਜਾਓ।

ਵਧੇਰੀ ਜਾਣਕਾਰੀ ਲਈ, **labor.ny.gov** 'ਤੇ ਜਾਓ ਅਤੇ "domestic worker" ਦੀ ਭਾਲ ਕਰੋ।

## ਫਾਸਟ ਫੂਡ ਕਰਮਚਾਰੀ

2017 ਅਤੇ 2018 ਵਿੱਚ ਨਿਊਨਤਮ ਤਨਖ਼ਾਹ ਦਰਾਂ ਹੇਠਾਂ ਦਿੱਤੀਆਂ ਗਈਆਂ ਹਨ।

| ਦਰ ਸੂਚੀ | **12/31/17** | **12/31/18** |
|---|---|---|
| | $13.50 | $15.00 |

ਵਧੇਰੀ ਜਾਣਕਾਰੀ ਲਈ, **labor.ny.gov** 'ਤੇ ਜਾਓ ਅਤੇ "fast food workers" ਦੀ ਭਾਲ ਕਰੋ।

## ਸਰਕਾਰੀ ਇਕਰਾਰਨਾਮਾ ਕੰਮ

ਕੁਝ ਕਾਰੋਬਾਰ ਜਿਹੜੇ ਸਰਕਾਰੀ ਏਜੰਸੀਆਂ ਨਾਲ ਸਾਰਵਜਨਿਕ ਕੰਮ ਵਾਲੇ ਪ੍ਰੋਜੈਕਟਾਂ ਨੂੰ ਪੂਰਾ ਕਰਨ ਜਾਂ ਕੁਝ ਸੇਵਾਵਾਂ ਕਰਨ ਲਈ ਇਕਰਾਰਨਾਮਾ ਕਰਦੇ ਹਨ, ਉਹਨਾਂ ਨੂੰ ਕਰਮਚਾਰੀਆਂ ਨੂੰ "ਪ੍ਰਚਲਿਤ ਤਨਖ਼ਾਹ ਦਰ" ਜਾਂ "ਲਿਵਿੰਗ ਤਨਖ਼ਾਹ ਦਰ" ਦਾ ਭੁਗਤਾਨ ਕਰਨ ਦੀ ਲੋੜ ਪੈ ਸਕਦੀ ਹੈ, ਜੋ ਨਿਊਨਤਮ ਤਨਖ਼ਾਹ ਨਾਲੋਂ ਵੱਧ ਹਨ ਅਤੇ ਬੈਨਿਫ਼ਿਟ ਜਾਂ ਵਾਧੂ ਮਜ਼ਦੂਰੀ ਪੂਰਕ ਪ੍ਰਦਾਨ ਕਰਦੇ ਹਨ।

ਵਧੇਰੀ ਜਾਣਕਾਰੀ ਲਈ ਹੇਠਾਂ ਦਿੱਤੀ ਵੈਬਸਾਈਟ 'ਤੇ ਜਾਓ:

- **comptroller.nyc.gov** 'ਤੇ ਜਾਓ ਅਤੇ "Prevailing Wage" (ਨਿਊ ਯਾਰਕ ਸਿਟੀ) ਦੀ ਭਾਲ ਕਰੋ
- **labor.ny.gov** 'ਤੇ ਜਾਓ ਅਤੇ "The Bureau of Public Work" (ਨਿਊਯਾਰਕ ਸਿਟੀ) ਦੀ ਭਾਲ ਕਰੋ
- **health.ny.gov** 'ਤੇ ਜਾਓ ਅਤੇ "Medicaid Home Care Workers" (ਨਿਊਯਾਰਕ ਸਿਟੀ) ਦੀ ਭਾਲ ਕਰੋ
- **dol.gov** 'ਤੇ ਜਾਓ ਅਤੇ "Government Contracts" (ਅਮਰੀਕਾ) ਦੀ ਭਾਲ ਕਰੋ

## ਗ੍ਰੋਸਰੀ ਕਰਮੀ

ਜੇ ਤੁਸੀਂ ਕਿਸੇ ਗ੍ਰੋਸਰੀ ਸਟੋਰ ਵਿੱਚ ਕੰਮ ਕਰਦੇ ਹੋ ਜੋ ਕਿ ਵੇਚ ਦਿੱਤਾ ਗਿਆ ਹੈ, ਤਾਂ ਸਾਬਕਾ ਮਾਲਕ ਨੂੰ ਤੁਹਾਨੂੰ ਮਾਲਕੀਅਤ ਵਿੱਚ ਤਬਦੀਲੀ ਅਤੇ ਤੁਹਾਡੇ ਰੋਜ਼ਗਾਰ ਸਬੰਧੀ ਅਧਿਕਾਰਾਂ ਬਾਰੇ ਸੂਚਿਤ ਕਰਨਾ ਜ਼ਰੂਰੀ ਹੈ। ਵਿਕਰੀ ਦੇ ਬਾਅਦ, ਨਵੇਂ ਮਾਲਕ ਨੂੰ ਵੇਚਣ ਦੀ ਮਿਤੀ ਤੋਂ ਘੱਟੋ-ਘੱਟ 90 ਦਿਨਾਂ ਤੱਕ ਸਟੋਰ ਵਿੱਚ ਨਿਯੁਕਤ ਕੀਤੇ ਹੋਏ ਸਾਰੇ ਮੌਜੂਦਾ ਸਟਾਫ ਨੂੰ ਬਣਾਈ ਰੱਖਣ ਦੀ ਲੋੜ ਹੈ। 90 ਦਿਨਾਂ ਦੇ ਬਾਅਦ, ਨਵਾਂ ਮਾਲਕ ਇਹ ਫੈਸਲਾ ਕਰ ਸਕਦਾ ਹੈ ਕਿ ਮੌਜੂਦਾ ਕਰਮਚਾਰੀਆਂ ਵਿੱਚੋਂ ਕਿਸੇ ਨੂੰ ਵੀ ਕਰਮਚਾਰੀ ਦੇ ਤੌਰ ਤੇ ਰੱਖਣਾ ਹੈ ਜਾਂ ਨਹੀਂ।

ਜਾਣਕਾਰੀ ਲਈ ਜਾਂ DCA ਕੋਲ ਸ਼ਿਕਾਇਤ ਦਾਇਰ ਕਰਨ ਲਈ:

- **311** 'ਤੇ ਕਾਲ ਕਰੋ (NYC ਤੋਂ ਬਾਹਰ 212-NEW-YORK)
- **grocerylaw@dca.nyc.gov** 'ਤੇ ਈਮੇਲ ਲਿੱਖੋ
- **nyc.gov/dca** 'ਤੇ ਜਾਓ।

## ਨਾਬਾਲਗ

ਉਸ ਕੰਮ ਦੀ ਕਿਸਮ ਅਤੇ ਘੰਟਿਆਂ ਉੱਤੇ ਕੁਝ ਸੀਮਾਵਾਂ ਹਨ ਜੋ 18 ਸਾਲ ਤੋਂ ਘੱਟ ਵਾਲੇ ਬੱਚੇ ਕਰ ਸਕਦੇ ਹਨ।

ਵਧੇਰੀ ਜਾਣਕਾਰੀ ਲਈ, **labor.ny.gov** 'ਤੇ ਜਾਓ ਅਤੇ “Laws Governing the Employment of Minors” ਦੀ ਭਾਲ ਕਰੋ।

## ਨੇਲ ਸੈਲੂਨ ਕਰਮਚਾਰੀ

ਨੇਲ ਸੈਲੂਨ ਵਿੱਚ ਕੰਮ ਕਰਨ ਵਾਲੇ ਕਰਮਚਾਰੀਆਂ ਲਈ ਬਿੱਲ ਆਫ਼ ਰਾਈਟਸ (ਅਧਿਕਾਰਾਂ ਦਾ ਬਿੱਲ) ਕੁਝ ਸੁਰੱਖਿਆ ਜ਼ਰੂਰਤਾਂ ਪੂਰੀਆਂ ਕਰਨ ਲਈ ਅਤੇ ਸਹੀ ਤਨਖ਼ਾਹ ਦਾ ਭੁਗਤਾਨ ਕਰਨ ਨੂੰ ਲੋੜੀਂਦਾ ਬਣਾਉਂਦਾ ਹੈ।

ਵਧੇਰੀ ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ:

- **labor.ny.gov** 'ਤੇ ਜਾਓ ਅਤੇ “nail workers” ਦੀ ਭਾਲ ਕਰੋ।
- 888-469-7365 'ਤੇ **ਟਾਸਕ ਫੋਰਸ ਹਾਟਲਾਈਨ** ਨੂੰ ਫੋਨ ਕਰੋ।
- (ਨੇਲ ਸੈਲੂਨ ਉਦਯੋਗ ਵਿੱਚ ਦੁਰਵਿਵਹਾਰ ਦੀ ਰਿਪੋਰਟ ਕਰਨ ਲਈ) **labor.ny.gov** 'ਤੇ ਜਾਓ।

## ਟਿੱਪ ਪਾਪਤ ਕਰਨ ਵਾਲੇ ਕਰਮਚਾਰੀ

ਉਨ੍ਹਾਂ ਕਰਮਚਾਰੀਆਂ ਲਈ ਖਾਸ ਤਨਖ਼ਾਹ ਦੀਆਂ ਦਰਾਂ ਅਤੇ ਨਿਯਮ ਹੁੰਦੇ ਹਨ ਜੋ ਟਿੱਪ ਪ੍ਰਾਪਤ ਕਰਦੇ ਹਨ। ਇਨ੍ਹਾਂ ਦਰਾਂ ਦੀ ਵਰਤੋਂ ਦਾ ਪਾਤਰ ਬਣਨ ਲਈ, ਕਿਸੀ ਰੋਜ਼ਗਾਰਦਾਤਾ ਨੂੰ ਕਰਮਚਾਰੀਆਂ ਨੂੰ ਅਗਾਊਂ ਨੋਟਿਸ ਦੇਣਾ ਜ਼ਰੂਰੀ ਹੈ ਕਿ ਉਹ ਟਿੱਪ ਕ੍ਰੈਡਿਟ ਦਾ ਦਾਅਵਾ ਕਰਦਾ ਹੈ, ਅਤੇ ਉਹ ਤੁਹਾਡੀ ਟਿੱਪ ਦਾ ਕੋਈ ਹਿੱਸਾ ਨਹੀਂ ਲੈ ਸਕਦਾ।

ਜਾਣਕਾਰੀ ਲਈ ਜਾਂ ਕੋਈ ਸ਼ਿਕਾਇਤ ਦਾਇਰ ਕਰਨ ਲਈ, ਸੰਪਰਕ ਕਰੋ:

**New York State Department of Labor**
888-469-7365 | labor.ny.gov

**New York State Department of Labor – NYC District Office**
212-775-3880

**U.S. Department of Labor**
866-487-9243 | dol.gov/whd

**U.S. Department of Labor – Division Office in NYC**
212-264-8185

# ਨੋਟਸ

# ਨੋਟਸ

# ਨੋਟਸ

DCA ਦੇ ਲੇਬਰ ਨੀਤੀ ਅਤੇ ਮਿਆਰਾਂ ਦੇ ਦਫਤਰ ਕਰਮਚਾਰੀਆਂ ਲਈ ਸ਼ਹਿਰ ਦੀ ਸਰਕਾਰ ਵਿੱਚ ਇੱਕ ਸਮਰਪਿਤ ਆਵਾਜ਼ ਹੈ। ਅਸੁਰੱਖਿਅਤ ਕਾਮਿਆਂ ਦੀ ਮਦਦ ਨਾਲ ਚਾਰਜ ਕੀਤਾ ਗਿਆ, OLPS ਕੰਮ ਦੇ ਸਥਾਨ 'ਤੇ ਪਰਵਾਸੀਆਂ, ਵੱਖ-ਵੱਖ ਚਮੜੀ ਵਾਲੇ ਲੋਕਾਂ, ਅਤੇ ਔਰਤਾਂ ਨੂੰ ਪ੍ਰਭਾਵਿਤ ਕਰਨ ਵਾਲੇ ਮੁੱਦਿਆਂ' ਤੇ ਧਿਆਨ ਕੇਂਦਰਿਤ ਕਰਨ ਲਈ ਸਾਡੇ ਜਨਾਦੇਸ਼ ਨੂੰ ਸਵੀਕਾਰ ਕਰਦਾ ਹੈ।

OLPS:

- ਮੁੱਖ ਨਗਰਪਾਲਿਕਾ ਦੇ ਕੰਮ ਦੀ ਥਾਂ ਦੇ ਕਾਨੂੰਨਾਂ ਨੂੰ **ਲਾਗੂ ਕਰਦਾ ਹੈ।**
- ਅਸਲੀ ਖੋਜ, ਆਊਟਰੀਚ ਅਤੇ ਸਿੱਖਿਆ ਦਾ **ਆਯੋਜਨ ਕਰਦਾ ਹੈ।**
- ਅਜਿਹੀਆਂ ਨੀਤੀਆਂ ਦਾ ਵਿਕਾਸ ਕਰਦਾ ਹੈ ਜੋ ਨਿਊ ਯਾਰਕ ਸਿਟੀ ਦੀ ਵਿਕਸਿਤ ਹੁੰਦੀ ਅਰਥ-ਵਿਵਸਥਾ ਅਤੇ ਕਾਰਜਬਲ ਲਈ ਪ੍ਰਤੀਕਿਰਿਆ ਕਰਦੀਆਂ ਹਨ।

NYC Consumer Affairs

Bill de Blasio
Mayor

Lorelei Salas
Commissioner

*The NYC Department of Consumer Affairs (DCA)* ਸੰਪੰਨ ਭਾਈਚਾਰੇ ਦੀ ਸਿਰਜਨਾ ਲਈ ਨਿਊ ਯਾਰਕ ਦੇ ਲੋਕਾਂ ਦੇ ਰੋਜ਼ਾਨਾ ਦੇ ਆਰਥਕ ਜੀਵਨ ਦੀ ਰੱਖਿਆ ਅਤੇ ਸੁਧਾਰ ਕਰਦਾ ਹੈ। ਲੇਬਰ ਨੀਤੀ ਅਤੇ ਮਿਆਰਾਂ ਬਾਰੇ ਦਫਤਰ *(Office of Labor Policy & Standards)* ਦੇ ਕੰਮਕਾਰ ਰਾਹੀਂ, *DCA* ਕਰਮਚਾਰੀਆਂ ਦੇ ਪਰਿਵਾਰਾਂ ਨੂੰ ਵਿੱਤੀ ਸਿਹਤ ਅਤੇ ਰੋਜ਼ਗਾਰ ਅਤੇ ਜੀਵਨ ਵਿੱਚ ਸੰਤੁਲਨ ਪ੍ਰਾਪਤ ਕਰਨ ਲਈ ਉਹਨਾਂ ਲਈ ਲੋੜੀਂਦੇ ਸਾਧਨ ਅਤੇ ਵਸੀਲੇ ਮੁਹੱਈਆ ਕਰਵਾ ਕੇ ਉਹਨਾਂ ਨੂੰ ਕਾਬਲ ਬਣਾਉਂਦਾ ਹੈ।

06/2018